**ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ ਪੰਜਾਬ,**

(ਪੁੱਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ ਏ ਐਸ ਨਗਰ, ਮੋਹਾਲੀ।

ਨੰ. ਗਮਾਡਾ-ਐਲ ਏ ਸੀ 2025/
ਮਿਤੀ:

ਵਿਸ਼ਾ:- **ਐਸ.ਏ.ਐਸ. ਨਗਰ ਵਿਖੇ ਐਰੋਟਰੋਪੋਲਿਸ ਪ੍ਰੋਜੈਕਟ ਦੀ ਪਾਕੇਟ -ਐਚ ਸਕੀਮ ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ ਧਾਰਾ 7 ਅਧੀਨ ਐਕਸਪਰਟ ਗਰੁੱਪ ਦੀਆਂ ਸਿਫਾਰਸਾਂ ਡਿਸਕਲੋਜ਼ ਕਰਨ ਸਬੰਧੀ।**

ਦੱਸਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਸਕੀਮ ਲਈ ਨਿਮਨ ਪਿੰਡਾਂ ਦੀ ਐਕਵਾਇਰ ਕੀਤੀ ਜਾ ਰਹੀ ਭੌ ਸਬੰਧੀ ਪ੍ਰਾਪਤ ਹੋਈ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਲਈ ਪੰਜਾਬ ਸਰਕਾਰ ਵੱਲੋ The Right to Fair Compensation and Transparency in Land Acquisition, Rehabilitation and Resettlement Act, 2013 ਦੀ ਧਾਰਾ 7 ਤਹਿਤ ਗਠਿਤ ਕੀਤੇ ਐਕਸਪਰਟ ਗਰੁੱਪ ਵੱਲੋਂ ਘੋਖ ਕੀਤੀ ਗਈ:-

<u>ਪਿੰਡਾਂ ਦੇ ਨਾਮ</u>

**ਬਾਕਰਪੁਰ, ਕੁਰੜੀ, ਛੱਤ, ਕਿਸ਼ਨਪੁਰਾ ਅਤੇ ਬੜੀ ।**

ਐਕਸਪਰਟ ਗਰੁੱਪ ਦਾ ਵਿਚਾਰ ਹੈ ਕਿ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਨਾਲ ਪਬਲਿਕ ਮੰਤਵ ਪੂਰਾ ਹੁੰਦਾ ਹੈ ਅਤੇ ਸੰਭਾਵਿਤ ਲਾਭ ਸਮਾਜਿਕ ਲਾਗਤਾਂ ਅਤੇ ਪ੍ਰਤੀਕੂਲ ਸਮਾਜਿਕ ਪ੍ਰਭਾਵਾਂ ਨਾਲੋਂ ਜਿਆਦਾ ਹਨ, ਇਸ ਲਈ ਸਾਰਾ ਮਾਮਲਾ ਵਿਚਾਰਨ/ਘੋਖਣ ਉਪਰੰਤ ਇਸ ਪ੍ਰੋਜੈਕਟ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦੀ ਇਹ ਕਹਿੰਦੇ ਹੋਏ ਸਿਫਾਰਸ਼ ਕੀਤੀ ਹੈ:-

**1. ਕਿਉਂਜੋ ਇਸ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਘੱਟ ਤੋਂ ਘੱਟ ਹੈ;**
**2. ਕਿਉਂਜੋ ਵਿਸਥਾਪਨ ਲਈ ਵਿਕਲਪ ਬਹੁਤ ਘੱਟ ਹਨ।**

**ਭੌਂ ਪ੍ਰਾਪਤੀ ਕੁਲੈਕਟਰ**

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.2025/ 8532 ਮਿਤੀ: 02/12/25

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਦਾ ਹੈ:-

1. ਸਬ -ਡਵੀਜਨਲ ਮੈਜਿਸਟਰੇਟ,ਮੋਹਾਲੀ ਜਠਅਤੇ ਡੇਰਾ ਬੱਸੀ।
2. ਤਹੀਸੀਲਦਾਰ, ਮੋਹਾਲੀ,/ਡੇਰਾ ਬੱਸੀ
3. ਸਰਪੰਚ/ਈ.ਓ. **ਪਿੰਡ ਬੜੀ, ਕੁਰੜੀ, ਬਾਕਰੁਪਰ, ਛੱਤ ਅਤੇ ਕਿਸਨਪੁਰਾ** ਨੂੰ ਕਿਹਾ ਜਾਂਦਾ ਹੈ ਕਿ ਇਸ ਪੱਤਰ ਦੀ ਨਕਲ ਪਿੰਡਾਂ ਦੀਆਂ ਮਸਹੂਰ ਥਾਂਵਾਂ ਜਿਵੇਂ ਕਿ ਗੁਰਦੁਆਰਾ ਸਾਹਿਬ, ਮੰਦਿਰ, ਮਸਜਿਦ, ਜੰਜ ਘਰ, ਆਦ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਜੀ.ਐਮ. (ਆਈ.ਟੀ), ਗਮਾਡਾ ਨੂੰ ਇਹ ਪੱਤਰ ਗਮਾਡਾ ਦੀ ਵੈਬ-ਸਾਈਟ ਤੇ ਅਪ-ਲੋਡ ਕਰਨ ਲਈ।

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner